# ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ,
ਪੰਜਾਬ ਰਾਜ।

ਨੰ.ਪਸਸਬ-ਕਸ-2014/ 36400
ਮਿਤੀ:ਮੋਹਾਲੀ 11-8-2014

ਵਿਸ਼ਾ: **ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਪ੍ਰੀਖਿਆ ਮਾਰਚ, 2015 ਦੇ ਸੰਚਾਲਨ ਲਈ ਪ੍ਰੀਖਿਆ ਕੇਂਦਰਾਂ ਨੂੰ ਚਾਲੂ ਰੱਖਣ/ਨਵਾਂ ਕੇਂਦਰ ਸਥਾਪਤ ਕਰਨ ਸਬੰਧੀ।**

ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਪ੍ਰੀਖਿਆ ਮਾਰਚ, 2015 ਦੇ ਸੰਚਾਲਨ ਲਈ ਪ੍ਰੀਖਿਆ ਕੇਂਦਰਾਂ ਨੂੰ ਚਾਲੂ ਰੱਖਣ ਸਬੰਧੀ ਦਫਤਰ ਵੱਲੋਂ ਜੋ ਪੇਂਡੂ ਖੇਤਰ ਲਈ 150 ਅਤੇ ਸ਼ਹਿਰੀ ਖੇਤਰ ਲਈ 250 ਪ੍ਰੀਖਿਆਰਥੀਆਂ ਦੀ ਸ਼ਰਤ ਰੱਖੀ ਗਈ ਹੈ। ਇਸ ਸਬੰਧੀ ਜੋ ਨਵੇਂ ਨਾਰਮਜ ਬਣਾਏ ਗਏ ਹਨ ਉਹ ਬੋਰਡ ਦੀ ਵੈਬਸਾਈਟ ਤੇ ਅਪਲੋਡ ਕੀਤੇ ਜਾ ਚੁੱਕੇ ਹਨ। ਜੇਕਰ ਆਪ ਦੇ ਸਕੂਲ ਦੇ ਪ੍ਰੀਖਿਆਰਥੀਆਂ ਦੀ ਗਿਣਤੀ ਨਿਰਧਾਰਤ ਗਿਣਤੀ ਤੋਂ ਘੱਟ ਹੈ ਤਾਂ ਤੁਰੰਤ ਆਪਣੇ ਨੇੜੇ ਦੇ ਪ੍ਰੀਖਿਆ ਕੇਂਦਰ ਦੀ ਆਪਸ਼ਨ ਕਾਰਜ ਸੰਚਾਲਨ ਸ਼ਾਖਾ ਦੀ ਮੇਲ conductpseb@gmail.com ਤੇ ਮਿਤੀ 30-9-2014 ਤੱਕ ਭੇਜੀ ਜਾਵੇ। ਨਿਰਧਾਰਤ ਗਿਣਤੀ ਪੂਰੀ ਹੋਣ ਦੀ ਸੂਰਤ ਵਿੱਚ ਹੀ ਪ੍ਰੀਖਿਆ ਕੇਂਦਰ ਚਾਲੂ ਰੱਖਿਆ ਜਾਵੇਗਾ। ਕਿਸੇ ਵੀ ਸੂਰਤ ਵਿੱਚ ਘੱਟ ਪ੍ਰੀਖਿਆਰਥੀਆਂ ਦੀ ਫੀਸ ਨਹੀਂ ਲਈ ਜਾਵੇਗੀ।

ਇਸ ਤੋਂ ਇਲਾਵਾ ਜੇਕਰ ਕੋਈ ਸੰਸਥਾ ਮੁੱਖੀ ਆਪਣੇ ਸਕੂਲ ਵਿਖੇ ਪ੍ਰੀਖਿਆ ਕੇਂਦਰ ਸਥਾਪਤ ਕਰਨਾ ਚਾਹੁੰਦਾ/ਚਾਹੁੰਦੇ ਹਨ ਅਤੇ ਉਹ ਦਫਤਰ ਵੱਲੋਂ ਬਾਕੀ ਨਿਰਧਾਰਤ ਸ਼ਰਤਾਂ ਪੂਰੀਆਂ ਕਰਦੇ ਹਨ, ਉਹਨਾਂ ਦੇ ਆਪਣੇ 50 ਰੈਗੂਲਰ ਪ੍ਰੀਖਿਆਰਥੀ ਹਨ ਅਤੇ ਸਹਿਮਤੀ ਸਕੂਲਾਂ ਸਮੇਤ ਉਹਨਾਂ ਦੀ ਗਿਣਤੀ ਪੇਂਡੂ ਖੇਤਰ ਲਈ 150 ਅਤੇ ਸ਼ਹਿਰੀ ਖੇਤਰ ਲਈ 250 ਪ੍ਰੀਖਿਆਰਥੀ ਬਣਦੀ ਹੈ। ਫਰਨੀਚਰ, ਬਿਜਲੀ ਦਾ ਪ੍ਰਬੰਧ ਆਦਿ ਉਹਨਾਂ ਕੋਲ ਹੈ, ਉਹ ਵੀ ਦਫਤਰ ਨਾਲ 30-8-2014 ਤੱਕ ਸੰਪਰਕ ਕਰ ਸਕਦੇ ਹਨ।

11/8

ਉਪ ਸਕੱਤਰ (ਕਾਰਜ ਸੰਚਾਲਨ)
ਵਾਸਤੇ ਸਕੱਤਰ, ਪੰ.ਸ.ਸਿੱ.ਬੋਰਡ।